City of Mississauga
300 City Centre Drive
Mississauga, ON L5B 3C1

# News Release

mississauga.ca facebook.com/citymississauga twitter.com/citymississauga

**ਕੀ ਤੁਸੀਂ ਵੋਟ ਪਾਉਣ ਲਈ ਤਿਆਰ ਹੋ?**
**ਵੋਟਰਸ ਸੂਚੀ ਵਿੱਚ ਆਪਣੀ ਜਾਣਕਾਰੀ ਦੀ ਪੁਸ਼ਟੀ ਕਰੋ ਅਤੇ ਅਧਿਕਾਰਤ ਮੇਅਰ ਅਤੇ ਵਾਰਡ 5 ਦੇ ਕਾਉਂਸਲਰ ਦੇ ਉਮੀਦਵਾਰਾਂ ਦੀ ਸੂਚੀ ਦੇਖੋ**

6 ਮਈ, 2024

Mississauga ਦੀਆਂ ਮੇਅਰ ਅਤੇ ਵਾਰਡ 5 ਦੇ ਕਾਉਂਸਲਰ ਲਈ ਉਪ-ਚੋਣਾਂ ਹੋਣ ਵਾਲੀਆਂ ਹਨ, ਯੋਗ ਵੋਟਰਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਆਪਣੀ ਵੋਟ ਪਾਉਣ ਲਈ ਤਿਆਰ ਹਨ।

ਇਹਨਾਂ ਅਸਾਨ ਉਪਾਵਾਂ ਦੀ ਪਾਲਣਾ ਕਰਕੇ, ਵੋਟਰ, ਸੋਮਵਾਰ, 10 ਜੂਨ ਨੂੰ ਨਿਰਵਿਘਨ ਵੋਟਿੰਗ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰ ਸਕਦੇ ਹਨ। ਤੁਸੀਂ 24 ਅਤੇ 25 ਮਈ ਨੂੰ ਅਤੇ 1 ਅਤੇ 2 ਜੂਨ ਨੂੰ, ਐਡਵਾਂਸ ਵੋਟਿੰਗ ਥਾਵਾਂ ਵਿਖੇ ਪਹਿਲਾਂ ਵੀ ਵੋਟ ਪਾ ਸਕਦੇ ਹੋ।

## ਆਪਣੀ ਜਾਣਕਾਰੀ ਦੀ ਪੁਸ਼ਟੀ ਕਰੋ ਜਾਂ ਇਸਨੂੰ ਅੱਪਡੇਟ ਕਰੋ

ਇਹ ਯਕੀਨੀ ਬਣਾਉਣ ਲਈ Voter Registration Portal ਤੇ ਜਾ ਕੇ ਵੋਟਰਸ ਸੂਚੀ ਦੇਖੋ ਕਿ ਤੁਹਾਡੀ ਨਿੱਜੀ ਜਾਣਕਾਰੀ ਸਹੀ ਹੈ। ਤੁਹਾਡੀ ਜਾਣਕਾਰੀ ਪੁਰਾਣੀ ਹੋ ਸਕਦੀ ਹੈ, ਜੇਕਰ ਤੁਸੀਂ ਪਿਛਲੇ ਕੁਝ ਸਾਲਾਂ ਵਿੱਚ ਆਪਣਾ ਨਾਮ ਜਾਂ ਪਤਾ ਬਦਲਿਆ ਹੈ। ਤੁਸੀਂ ਸਾਰੇ ਜ਼ਰੂਰੀ ਅੱਪਡੇਟ ਔਨਲਾਈਨ ਕਰ ਸਕਦੇ ਹੋ ਜਾਂ ਖੁਦ ਨੂੰ ਵੋਟਰਸ ਸੂਚੀ ਵਿੱਚ ਜੋੜ ਸਕਦੇ ਹੋ। ਇਸ ਨਾਲ ਤੁਹਾਨੂੰ ਵੋਟਿੰਗ ਥਾਂ ਵਿਖੇ ਕੋਈ ਵਾਧੂ ਪੇਪਰਵਰਕ ਨਹੀਂ ਕਰਨਾ ਪਵੇਗਾ, ਜੇਕਰ ਤੁਹਾਨੂੰ ਕੋਈ ਜਾਣਕਾਰੀ ਬਦਲਣ ਦੀ ਲੋੜ ਹੋਵੇ।

## ਉਮੀਦਵਾਰ ਦੇਖੋ

ਥੋੜ੍ਹਾ ਸਮਾਂ ਕੱਢ ਕੇ official candidates ਤੋਂ ਜਾਣੂ ਹੋਵੋ: ਮੇਅਰ ਲਈ 20 ਉਮੀਦਵਾਰ ਚੋਣਾਂ ਲੜ ਰਹੇ ਹਨ ਅਤੇ ਵਾਰਡ 5 ਦੇ ਕਾਉਂਸਲਰ ਲਈ 15 ਉਮੀਦਵਾਰ ਚੋਣਾਂ ਲੜ ਰਹੇ ਹਨ। ਵਾਰਡ 5 ਦੇ ਵੋਟਰ ਆਪਣੇ ਵਾਰਡ 5 ਦੇ ਕਾਉਂਸਲਰ ਅਤੇ ਮੇਅਰ ਲਈ ਵੋਟ ਪਾਉਣਗੇ। ਦੂਜੇ ਸਾਰੇ ਵਾਰਡਾਂ ਵਿੱਚ ਵੋਟਰ, ਸਿਰਫ Mississauga ਦੇ ਮੇਅਰ ਲਈ ਵੋਟ ਪਾਉਣਗੇ।

## ਵੋਟਿੰਗ ਥਾਂ ਬਾਰੇ ਜਾਣਕਾਰੀ

ਜੇਕਰ ਤੁਸੀਂ ਮੁੱਢਲੀ ਵੋਟਰਸ ਸੂਚੀ ਵਿੱਚ ਹੋ, ਤਾਂ ਤੁਹਾਨੂੰ ਡਾਕ ਰਾਹੀਂ ਇੱਕ ਵੋਟਰ ਸੂਚਨਾ ਕਾਰਡ ਮਿਲੇਗਾ। ਇਹ ਕਾਰਡ ਤੁਹਾਨੂੰ ਨਿਯਤ ਵੋਟਿੰਗ ਦਿਨਾਂ ਅਤੇ ਤੁਹਾਡੀਆਂ ਵੋਟਿੰਗ ਥਾਵਾਂ ਬਾਰੇ ਜ਼ਰੂਰੀ ਜਾਣਕਾਰੀ ਦੇਵੇਗਾ। ਜੇਕਰ ਤੁਹਾਨੂੰ ਕਾਰਡ ਨਹੀਂ ਮਿਲਦਾ ਹੈ, ਤਾਂ ਫਿਕਰ ਨਾ ਕਰੋ; ਤਦ ਵੀ ਤੁਸੀਂ ਵੋਟ ਪਾ ਸਕਦੇ ਹੋ। ਬਸ ਤੁਹਾਨੂੰ ਮਤਦਾਨ ਦੇ ਸਮੇਂ ਆਪਣੀ ਜਾਣਕਾਰੀ ਅੱਪਡੇਟ ਕਰਨੀ ਪਵੇਗੀ ਜਾਂ ਖੁਦ ਨੂੰ voters' list ਵਿੱਚ ਜੋੜਨਾ ਪਵੇਗਾ। ਤੁਸੀਂ ਆਪਣੀ ਨਿਯਤ ਵੋਟਿੰਗ ਥਾਂ ਬਾਰੇ ਪਤਾ ਕਰਨ ਲਈ website ਦੇਖ ਸਕਦੇ ਹੋ।

## ਵੋਟਿੰਗ ਪਾਤਰਤਾ

# News Release

City of Mississauga
300 City Centre Drive
Mississauga, ON L5B 3C1

MISSISSAUGA

mississauga.ca facebook.com/citymississauga twitter.com/citymississauga

Municipal Elections Act 1996 ਮਿਊਨਿਸਿਪਲ ਚੋਣਾਂ ਲਈ ਨਿਯਮ ਤੈਅ ਕਰਦਾ ਹੈ, ਇਸ ਸਮੇਤ ਕਿ ਕੌਣ ਵੋਟ ਪਾਉਣ ਲਈ ਯੋਗ ਹੈ। ਆਉਣ ਵਾਲੀਆਂ ਉਪ-ਚੋਣਾਂ ਵਿੱਚ ਵੋਟ ਪਾਉਣ ਵਾਸਤੇ, ਲਾਜ਼ਮੀ ਹੈ ਕਿ ਤੁਸੀਂ:

- ਕੈਨੇਡਿਅਨ ਨਾਗਰਿਕ ਹੋ
- ਤੁਹਾਡੀ ਉਮਰ ਘੱਟੋ-ਘੱਟ 18 ਸਾਲ ਹੈ
- City of Mississauga ਦਾ ਵਸਨੀਕ ਹੋ ਜਾਂ ਗੈਰ-ਵਸਨੀਕ ਹੋ, ਪਰ ਤੁਹਾਡੀ ਜਾਂ ਤੁਹਾਡੇ ਜੀਵਨਸਾਥੀ ਦੀ Mississauga ਵਿੱਚ ਖੁਦ ਦੀ ਜਾਂ ਕਿਰਾਏ ਦੀ ਪ੍ਰਾਪਰਟੀ ਹੈ

ਵੋਟਿੰਗ ਬਾਰੇ ਵਧੇਰੇ ਜਾਣਕਾਰੀ ਲਈ ਜਾਂ ਉਪ-ਚੋਣਾਂ ਬਾਰੇ ਆਮ ਜਾਣਕਾਰੀ ਲਈ, mississauga.ca/vote ਤੇ ਜਾਓ ਜਾਂ 905-615-VOTE (8683) ਤੇ ਫੋਨ ਕਰੋ।

-30-

**ਮੀਡੀਆ ਸੰਪਰਕ:**
City of Mississauga ਮੀਡੀਆ ਰਿਲੇਸ਼ਨਸ
media@mississauga.ca
905-615-3200, ਐਕਸਟੈਨਸ਼ਨ 5232
TTY: 905-896-5151